2024163370
8/5/2024

# ਦਫ਼ਤਰ ਡਾਇਰੈਕਟਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜ਼ਿਲ, ਬਲਾਕ-ਈ, ਪੰ.ਸ.ਸਿੱ.ਬੋ. ਕੰਪਲੈਕਸ, ਫੇਜ਼-8, ਐਸ.ਏ.ਐਸ.ਨਗਰ (ਪੰਜਾਬ)

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),
ਪੰਜਾਬ।

ਮੀਮੋ ਨੰ. 55-56/2024/G&C
ਮਿਤੀ 08-05-2024

ਵਿਸ਼ਾ: ਵਿੱਦਿਅਕ ਸੈਸ਼ਨ 2024-25 ਲਈ ਸੀਨੀਅਰ ਸੈਕੰਡਰੀ/ਹਾਈ ਸਕੂਲਾਂ ਵਿੱਚ ਕੈਰੀਅਰ ਗਾਈਡੈਂਸ ਗਤੀਵਿਧੀਆਂ ਕਰਵਾਉਣ ਸਬੰਧੀ।

ਹਵਾਲਾ: ਦਫ਼ਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ ਦੇ ਪੱਤਰ ਨੰ 53-54/2024/G&C ਮਿਤੀ 02-05-2024 ਦੇ ਸੰਬੰਧ ਵਿੱਚ।

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਸਮੂਹ ਸੀਨੀਅਰ ਸੈਕੰਡਰੀ/ਹਾਈ ਸਕੂਲਾਂ ਵਿੱਚ ਮਈ ਮਹੀਨੇ ਵਿੱਚ ਹੋਣ ਵਾਲੀਆਂ ਕੈਰੀਅਰ ਗਾਈਡੈਂਸ ਗਤੀਵਿਧੀਆਂ ਵਿੱਚ ਇੱਕਸਾਰਤਾ ਲਿਆਉਣ ਲਈ ਗਾਈਡਲਾਈਨਜ਼ (ਨਾਲ ਨੱਥੀ) ਆਪ ਜੀ ਨੂੰ ਭੇਜੀਆਂ ਜਾ ਰਹੀਆਂ ਹਨ। ਸਮੂਹ ਸੀਨੀਅਰ ਸੈਕੰਡਰੀ/ਹਾਈ ਸਕੂਲਾਂ ਵਿੱਚ ਇਹਨਾਂ ਗਾਈਡਲਾਈਨਜ਼ ਅਨੁਸਾਰ ਗਤੀਵਿਧੀਆਂ ਕਰਵਾਉਣਾ ਯਕੀਨੀ ਬਣਾਇਆ ਜਾਵੇ ਜੀ।

ਅਮਨਿੰਦਰ ਕੌਰ ਪੀ.ਸੀ.ਐਸ.
ਡਾਇਰੈਕਟਰ
ਐਸ.ਸੀ.ਈ.ਆਰ.ਟੀ

ਪਿੱਠ ਅੰਕਣ ਨੰ: ਉਕਤ
ਮਿਤੀ: 08-05-2024

ਉਪਰੋਕਤ ਦਾ ਉਤਾਰਾ ਸਮੂਹ ਜ਼ਿਲ੍ਹਾ ਗਾਈਡੈਂਸ ਕਾਊਂਸਲਰ, ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਡਾਇਰੈਕਟਰ
(ਗਾਈਡੈਂਸ ਐਂਡ ਕਰੀਅਰ ਕਾਊਂਸਲਿੰਗ)

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ
ਪਿੱਠ ਅੰਕਣ ਨੰ: ਕੀ-1/(ਪ 2024) 9023 ਮਿਤੀ: 08/05/2024
ਉਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿੱਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ।

2024-25

## ਪ੍ਰਤਿਭਾ ਖੋਜ ਮੁਕਾਬਲਿਆਂ ਦੇ ਨਿਯਮ

### (ੳ) ਨਾਟਕ (ਇਕਾਂਗੀ)

- ਵਿਧਾ ਦੇ ਪੱਖ ਤੋਂ ਨਾਟਕ ਜਾਂ ਇਕਾਂਗੀ ਹੋਵੇ।
- ਸਮਾਂ 10 ਤੋਂ 35 ਮਿੰਟ ਹੋਵੇਗਾ।
- ਮੰਚ ਤੋਂ ਨਿਰਦੇਸ਼ਕ ਵੱਲੋਂ ਨਾਟਕ/ਇਕਾਂਗੀ ਸੰਬੰਧੀ ਸੰਬੋਧਨ ਕਰਨ ਤੋਂ ਹੀ ਸਮਾਂ ਸ਼ੁਰੂ ਹੋਇਆ ਮੰਨਿਆ ਜਾਵੇਗਾ।
- ਸਟੇਜ ਸੈਟਿੰਗ ਲਈ 10 ਮਿੰਟ ਅਤੇ ਸਟੇਜ ਨੂੰ ਸਮੇਟਣ ਲਈ 5 ਮਿੰਟ ਦਾ ਸਮਾਂ ਦਿੱਤਾ ਜਾਵੇਗਾ।
- ਮਾਧਿਅਮ ਪੰਜਾਬੀ/ਹਿੰਦੀ/ ਅੰਗਰੇਜ਼ੀ ਹੋ ਸਕਦਾ ਹੈ।
- ਵਿਦਿਆਰਥੀਆਂ ਦੀ ਵੱਧ ਤੋਂ ਵੱਧ ਗਿਣਤੀ 12 ਹੋਵੇਗੀ ਅਤੇ ਇਕ ਵਿਦਿਆਰਥੀ ਇਕ ਤੋਂ ਵਧੇਰੇ ਪਾਤਰਾਂ ਦੀਆਂ ਭੂਮਿਕਾਵਾਂ ਨਿਭਾ ਸਕਦਾ ਹੈ।
- ਟੀਮ ਨਾਲ ਮੰਚ ਪਿੱਛੇ ਗੀਤ ਵਿਦਿਆਰਥੀ ਜਾਂ ਅਧਿਆਪਕ ਗਾ ਸਕਦਾ ਹੈ। ਬੈਕਗਰਾਊਂਡ ਸੰਗੀਤ ਰਿਕਾਰਡ ਕੀਤਾ ਹੋਇਆ ਹੋ ਸਕਦਾ ਹੈ। ਮੇਕਅੱਪ ਮੈਨ ਕੋਈ ਵੀ ਟੀਮ ਤੋਂ ਬਾਹਰਲਾ ਵਿਅਕਤੀ ਵੀ ਹੋ ਸਕਦਾ ਹੈ।
- ਕਿਸੇ ਵੀ ਤਰਾਂ ਦੀ ਸਹਾਇਕ ਸਮੱਗਰੀ ਟੀਮ ਦੀ ਆਪਣੀ ਹੋਵੇਗੀ।
- ਜੱਜਮੈਂਟ ਲਈ ਮਾਪਦੰਡ ਅਤੇ ਅੰਕ ਵੰਡ : ਵਿਸ਼ਾ-ਵਸਤ (5 ਅੰਕ), ਐਕਟਿੰਗ (10 ਅੰਕ), ਡਾਇਰੈਕਸ਼ਨ (5 ਅੰਕ), ਮਿਊਜ਼ਿਕ ਦੀ ਵਰਤੋਂ(5 ਅੰਕ), ਡਾਇਲਾਗ(5 ਅੰਕ),ਸਮੁੱਚਾ ਪ੍ਰਭਾਵ(10 ਅੰਕ)।

## (ਅ) ਕਵਿਤਾ ਉਚਾਰਨ

- ਸਮਾਂ ਢਾਈ ਤੋਂ ਪੰਜ ਮਿੰਟ ਦਾ ਹੋਵੇਗਾ ।
- ਮਾਧਿਅਮ ਪੰਜਾਬੀ, ਹਿੰਦੀ, ਅੰਗਰੇਜ਼ੀ ਹੋ ਸਕਦਾ ਹੈ ।
- ਕਵਿਤਾ ਉਚਾਰਨ ਸਮੇਂ ਕਿਸੇ ਕਿਸਮ ਦਾ ਸਾਜ਼ ਵਰਤਣ ਦੀ ਮਨਾਹੀ ਹੈ ।
- ਕਵਿਤਾ ਗਾ ਕੇ ਵੀ ਪੇਸ਼ ਕੀਤੀ ਜਾ ਸਕਦੀ ਹੈ ਪ੍ਰੰਤੂ ਇਸਨੂੰ ਕਿਸੇ ਕਿਸਮ ਦਾ ਵਿਸ਼ੇਸ਼ ਲਾਭ ਨਹੀਂ ਦਿੱਤਾ ਜਾਵੇਗਾ । ਪਹਿਲ ਇਸ ਗੱਲ ਨੂੰ ਦਿੱਤੀ ਜਾਵੇਗੀ ਕਿ ਕੀ ਵਿਦਿਆਰਥੀ ਕਵਿਤਾ ਦੇ ਅੰਤਰੀਵ-ਭਾਵ ਨੂੰ ਸੁਰ, ਟੋਨ, ਜਾਂ ਉਤਰਾਅ ਅਤੇ ਚੜਾਅ ਨਾਲ ਪੇਸ਼ ਕਰ ਸਕਿਆ ਹੈ ਜਾਂ ਨਹੀਂ ।
- ਜੱਜਮੈਂਟ ਲਈ ਵਿਸ਼ਾ-ਵਸਤ (5 ਅੰਕ), ਭਾਵਾਂ ਦੀ ਇਕਸੁਰਤਾ (5 ਅੰਕ), ਕਾਵਿਕ ਮਾਹੌਲ ਦੀ ਸਿਰਜਣਾ (5 ਅੰਕ), ਸਰੋਤਿਆਂ ਤੇ ਪ੍ਰਭਾਵ (5 ਅੰਕ), ਉਚਾਰਨ ਅਤੇ ਸਮੁੱਚੇ ਪ੍ਰਭਾਵ (10 ਅੰਕ) ਨੂੰ ਧਿਆਨ ਵਿੱਚ ਰੱਖਿਆ ਜਾਵੇਗਾ ।
- ਵਿਦਿਆਰਥੀ ਦੇ ਸੰਬੋਧਨ ਕਰਨ ਤੋਂ ਹੀ ਮੁਕਾਬਲੇ ਦਾ ਸਮਾਂ ਸ਼ੁਰੂ ਹੋਇਆ ਮੰਨਿਆ ਜਾਵੇਗਾ ।

## (ੲ) ਭਾਸ਼ਣ

- ਸਮਾਂ ਤਿੰਨ ਤੋਂ ਪੰਜ ਮਿੰਟ ਹੋਵੇਗਾ ।
- ਮਾਧਿਅਮ ਪੰਜਾਬੀ/ਹਿੰਦੀ/ਅੰਗਰੇਜ਼ੀ ਕੁਝ ਵੀ ਹੋ ਸਕਦਾ ਹੈ ।
- ਭਾਸ਼ਣ ਦਾ ਵਿਸ਼ਾ ਸਮਾਜਿਕ ਜੀਵਨ ਦੇ ਕਿਸੇ ਪੱਖ ਜਾਂ ਨੈਤਿਕ ਕਦਰਾਂ-ਕੀਮਤਾਂ ਨਾਲ ਸੰਬੰਧਤ ਹੋਣਾ ਚਾਹੀਦਾ ਹੈ । ਭਾਸ਼ਣ ਪੜ੍ਹ ਕੇ ਨਹੀਂ ਬੋਲਿਆ ਜਾਵੇਗਾ ।
- ਜੱਜਮੈਂਟ ਦੋਰਾਨ ਵਿਸ਼ਾ-ਵਸਤੂ(10 ਅੰਕ), ਭਾਸ਼ਾ (5 ਅੰਕ), ਉਚਾਰਨ(5 ਅੰਕ), ਸਰੋਤਿਆਂ ਨਾਲ ਸੰਚਾਰ(5 ਅੰਕ), ਆਤਮ-ਵਿਸ਼ਵਾਸ(5 ਅੰਕ), ਸੁਭਾਵਿਕਤਾ ਅੰਤੇ ਸਮੁੱਚੇ ਪ੍ਰਭਾਵ (5 ਅੰਕ) ਨੂੰ ਧਿਆਨ ਵਿੱਚ ਰੱਖਿਆ ਜਾਵੇਗਾ ।

- ਵਿਦਿਆਰਥੀ ਦੇ ਸੰਬੋਧਨ ਕਰਨ ਤੋਂ ਹੀ ਮੁਕਾਬਲੇ ਦਾ ਸਮਾਂ ਸ਼ੁਰੂ ਹੋਇਆ ਮੰਨਿਆ ਜਾਵੇਗਾ ।

## (ਸ) ਗਾਇਣ

- ਸਮਾਂ ਤਿੰਨ ਤੋਂ ਪੰਜ ਮਿੰਟ ਹੋਵੇਗਾ ।
- ਗਾਇਣ ਵਿੱਚ ਵਿਸ਼ਿਸ਼ਟ ਗੀਤ, ਲੋਕ ਗੀਤ, ਸਾਹਿਤਕ ਗੀਤ, ਕਵੀਸ਼ਰੀ ਜਾਂ ਵਾਰ ਹੋ ਸਕਦੀ ਹੈ । ਪ੍ਰੰਤੂ ਇਹਨਾਂ ਦਾ ਮੁਕਾਬਲਾ ਇਕੋ ਵੰਨਗੀ 'ਗਾਇਣ' ਅਧੀਨ ਹੀ ਹੋਵੇਗਾ
- ਇਸ ਮੁਕਾਬਲੇ ਵਿੱਚ ਇਕ ਟੀਮ ਦੇ ਵੱਧ ਤੋਂ ਵੱਧ ਦੋ ਵਿਦਿਆਰਥੀ ਭਾਗ ਲੈ ਸਕਦੇ ਹਨ ।
- ਵਿਦਿਆਰਥੀ ਲੋੜ ਅਨੁਸਾਰ ਵਿਸ਼ੇਸ਼ ਪਹਿਰਾਵਾ ਪਹਿਣ ਸਕਦਾਂ ਹੈ ।
- ਵਿਧਾ ਦੇ ਨਿਯਮਾਂ ਅਨੁਸਾਰ ਲੋੜੀਦੇ ਸਾਜ਼ਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ । ਸਾਜ਼ੀ ਟੀਮ ਤੋਂ ਵੱਖਰੇ ਹੋ ਸਕਦੇ ਹਨ ਪ੍ਰੰਤੂ ਉਹਨਾਂ ਦੀ ਗਿਣਤੀ ਟੀਮ ਵਿੱਚ ਨਹੀਂ ਕੀਤੀ ਜਾਵੇਗੀ ।
- ਪੜ੍ਹ ਕੇ ਗਾਉਣ ਦੀ ਮਨਾਹੀ ਹੈ ।
- ਮਾਧਿਅਮ ਪੰਜਾਬੀ/ਹਿੰਦੀ ਹੋ ਸਕਦਾ ਹੈ ।
- ਜੱਜਮੈਂਟ ਦੌਰਾਨ ਵਿਸ਼ਾ-ਵਸਤ(10 ਅੰਕ),ਲੈਅ ਅਤੇ ਆਵਾਜ਼(10 ਅੰਕ), ਸ਼ੁੱਧ ਉਚਾਰਨ (5 ਅੰਕ), ਸਾਜ਼ਾਂ ਨਾਲ ਤਾਲਮੇਲ(5 ਅੰਕ),ਹਾਵ-ਭਾਵ ਅਤੇ ਮੁਦਰਾਵਾਂ(5 ਅੰਕ),ਸਰੋਤਿਆਂ ਤੇ ਪ੍ਰਭਾਵ (5 ਅੰਕ) ਅਤੇ ਸਮੁੱਚੇ ਪ੍ਰਭਾਵ(5 ਅੰਕ) ਨੂੰ ਧਿਆਨ ਵਿੱਚ ਰੱਖਿਆ ਜਾਵੇਗਾ ।
- ਵਿਦਿਆਰਥੀ ਦੇ ਸੰਬੋਧਨ ਕਰਨ ਤੋਂ ਹੀ ਮੁਕਾਬਲੇ ਦਾ ਸਮਾਂ ਸ਼ੁਰੂ ਹੋਇਆ ਮੰਨਿਆ ਜਾਵੇਗਾ ।

## (ਹ) ਚਿੱਤਰਕਲਾ

- ਸਮਾਂ ਵੱਧ ਤੋਂ ਵੱਧ ਢਾਈ ਘੰਟੇ ਹੋਵੇਗਾ ।
- ਸ਼ੀਟ ਦਾ ਅਕਾਰ 20ਇੰਚ×15 ਇੰਚ ਹੋਣਾ ਚਾਹੀਦਾ ਹੈ ।
- ਸ਼ੀਟ ਇੰਪੀਅਰਲ ਹੋਣੀ ਚਾਹੀਦੀ ਹੈ ।
- ਕੇਵਲ ਪੈਨਸਿਲ ਜਾਂ ਸਕੈੱਚ ਪੈੱਨ ਹੀ ਵਰਤਿਆ ਜਾ ਸਕੇਗਾ ।
- ਚਿਤਰਕਾਰੀ ਨਾਲ ਸੰਬੰਧਤ ਸਮੁੱਚਾ ਸਮਾਨ ਵਿਦਿਆਰਥੀ ਖੁਦ ਲੈ ਕੇ ਆਉਣਗੇ ।
- ਮੌਕੇ ਤੇ ਕਿਸੇ ਸਥੂਲ ਦ੍ਰਿਸ਼ ਜਾਂ ਵਸਤੂ ਦਾ ਚਿੱਤਰ ਬਣਾਉਣ ਲਈ ਕਿਹਾ ਜਾਵੇਗਾ ।
- ਜੱਜਮੈਂਟ ਦੌਰਾਨ ਸਫਾਈ, ਸਹੀ ਅਨੁਪਾਤ, ਸਕੈਚਿੰਗ ਦੀ ਸਮਝ, ਗ੍ਰਹਿਣ ਕਰਨ ਦੀ ਸ਼ਕਤੀ ਅਤੇ ਸਮੁੱਚੇ ਪ੍ਰਭਾਵ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ ।

## (ਕ) ਪੇਟਿੰਗ

- ਸਮਾਂ ਵੱਧ ਤੋਂ ਵੱਧ ਢਾਈ ਘੰਟੇ ਹੋਵੇਗਾ ।
- ਪੇਟਿੰਗ ਵਾਲੀ ਸ਼ੀਟ ਦਾ ਅਕਾਰ 20ਇੰਚ×15 ਇੰਚ ਹੋਣਾ ਚਾਹੀਦਾ ਹੈ ।
- ਰੰਗਾਂ ਦੀ ਵਰਤੋਂ ਕੀਤੀ ਜਾਵੇਗੀ ।
- ਪੇਟਿੰਗ ਨਾਲ ਸੰਬੰਧਤ ਸਮੁੱਚਾ ਸਮਾਨ ਵਿਦਿਆਰਥੀ ਖੁਦ ਲੈ ਕੇ ਆਉਣਗੇ ।
- ਵਿਦਿਆਰਥੀਆਂ ਨੂੰ ਮੌਕੇ ਤੇ ਕੋਈ ਦ੍ਰਿਸ਼, ਵਿਸ਼ਾ ਜਾਂ ਕਿਸੇ ਸ਼ਖਸ਼ੀਅਤ ਦੀ ਪੇਟਿੰਗ ਬਣਾਉਣ ਲਈ ਮੌਖਿਕ ਰੂਪ ਵਿੱਚ ਕਿਹਾ ਜਾਵੇਗਾ ।
- ਜੱਜਮੈਂਟ ਦੌਰਾਨ ਰੰਗਾਂ ਦੀ ਸਹੀ ਸਮਝ ਅਤੇ ਕੰਬੀਨੇਸ਼ਨ, ਸਫਾਈ, ਸ਼ਹੀ ਅਨੁਪਾਤ, ਕਲਪਨਾ ਸ਼ਕਤੀ, ਵਿਸ਼ੇ ਦੀ ਪ੍ਰਸਤੁਤੀ ਦੀ ਸਪੱਸ਼ਟਤਾ ਅਤੇ ਸਮੁੱਚੇ ਪ੍ਰਭਾਵ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ ।

## (ਖ) ਕਲੇਅ ਮਾਡਲ

- ਸਮਾਂ ਵੱਧ ਤੋਂ ਵੱਧ ਢਾਈ ਘੰਟੇ ਹੋਵੇਗਾ ।
- ਕੇਵਲ ਚੀਕਨੀ ਮਿੱਟੀ ਅਤੇ ਪਾਣੀ ਦੀ ਵਰਤੋਂ ਹੀ ਕੀਤੀ ਜਾ ਸਕਦੀ ਹੈ । ਸੁਹਜ ਵਿੱਚ ਵਾਧਾ ਕਰਨ ਲਈ ਹੋਰ ਕਿਸੇ ਵੀ ਚੀਜ਼ ਦੀ ਵਰਤੋਂ ਦੀ ਮਨਾਹੀ ਹੈ ।
- ਮਿੱਟੀ ਵਿਦਿਆਰਥੀ ਖੁਦ ਲੈ ਕੇ ਆਉਣਗੇ ।
- ਮਿੱਟੀ ਨਕਲੀ ਨਹੀਂ ਹੋਣੀ ਚਾਹੀਦੀ ।
- ਜੱਜਮੈਂਟ ਦੌਰਾਨ ਸਫਾਈ, ਸਹੀ ਅਨੁਪਾਤ, ਕਲਪਨਾ ਸ਼ਕਤੀ, ਮਾਡਲ ਦੀ ਪ੍ਰਸਤੁਤੀ ਦੀ ਸਪੱਸ਼ਟਤਾ ਅਤੇ ਸਮੁੱਚੇ ਪ੍ਰਭਾਵ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ ।

**ਵਿਸ਼ੇਸ਼ ਨੋਟ :**

1) ਜੱਜਾਂ ਦਾ ਫੈਸਲਾ ਅੰਤਿਮ ਹੋਵੇਗਾ ।
2) ਇਹਨਾਂ ਸਾਰੀਆਂ ਵੰਨਗੀਆਂ ਦੇ ਮੁਕਾਬਲਿਆਂ ਵਿੱਚ ਮੰਚ ਤੋਂ ਕੋਈ ਵੀ ਅਜਿਹਾ ਸ਼ਬਦ ਨਾ ਉਚਾਰਿਆ ਜਾਵੇ, ਕਾਰਜ ਨਾ ਕੀਤਾ ਜਾਵੇ ਜੋ ਅਸ਼ਲੀਲ ਹੋਵੇ, ਕਿਸੇ ਦੀਆਂ ਜਾਤੀ/ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਹੋਵੇ, ਕਿਸੇ ਵਿਅਕਤੀ ਵਿਸ਼ੇਸ/ਪ੍ਰਬੰਧ ਤੇ ਸਿੱਧਾ ਵਿਅੰਗ ਨਾ ਹੋਵੇ ।
3) ਉਕਤ ਮੁਕਾਬਲੇ ਕੇਵਲ ਨੌਵੀਂ ਤੋਂ ਬਾਹਰਵੀਂ ਤੱਕ ਦੇ ਵਿਦਿਆਰਥੀਆਂ ਦੇ ਹੋਣਗੇ ।